# 'IK RAMAAYAN HOR' NAATAK DIYAN SANCHAAR-JUGTAN

# 'ਇਕ ਰਮਾਇਣ ਹੋਰ' ਨਾਟਕ ਦੀਆਂ ਸੰਚਾਰ-ਜੁਗਤਾਂ

ਪ੍ਰੋ. ਰਾਜਵਿੰਦਰ ਕੌਰ (Pro. Rajwinder Kaur)

ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ

ਪੰਜਾਬੀ ਯੂਨੀਵਰਸਿਟੀ ਬਾਬਾ ਜੋਗੀਪੀਰ ਨੇਬਰਹੁੱਡ ਕੈਂਪਸ, ਰੱਲਾ, ਮਾਨਸਾ (ਪੰਜਾਬ)

Email ID: rajwinderkaur3877@gmail.com ਮੋਬਾਈਲ: +91-95011-43052

**ਸਾਰ (Abstract)**

*'ਬਗਾਨੇ ਬੋਹੜ ਦੀ ਛਾਂ' ਨਾਟਕ ਸੰਗ੍ਰਹਿ ਵਿੱਚ ਸ਼ਾਮਿਲ ਲਘੂ ਨਾਟਕਾਂ ਦੇ ਅਧੀਨ 1981 ਵਿੱਚ ਪਹਿਲੀ ਵਾਰ ਪ੍ਰਕਾਸ਼ਿਤ ਹੋਇਆ 'ਇਕ ਰਮਾਇਣ ਹੋਰ' ਅਜਿਹਾ ਲਘੂ ਨਾਟਕ ਹੈ, ਜੋ ਪੇਂਡੂ ਸਮਾਜ ਵਿੱਚ ਜ਼ਮੀਨ ਦੀ ਘਾਟ ਅਤੇ ਥੋੜ੍ਹੀ ਜ਼ਮੀਨ ਦੀ ਉਪਵੰਡ ਤੋਂ ਬਚਾ ਲਈ ਇਕ ਪੁੱਤਰ ਦੇ ਵਿਆਹ ਦੀ ਪ੍ਰਥਾ ਨੂੰ ਪੇਸ਼ ਕਰਦਾ ਹੈ। ਇਸ ਕਰਕੇ ਪਰਿਵਾਰ ਦੇ ਬਾਕੀ ਕੁਆਰੇ ਮਰਦ ਮਨਾਂ ਵਿੱਚ ਇਸਤਰੀ ਦੇ ਸਾਥ ਦੀ ਘਾਟ ਦੀ ਤਾਂਘ ਹਮੇਸ਼ਾ ਰੜਕਦੀ ਰਹਿੰਦੀ ਹੈ। 'ਇਕ ਰਮਾਇਣ ਹੋਰ' ਲਘੂ ਨਾਟਕ ਨਿਮਨ ਕਿਸਾਨੀ, ਆਰਥਿਕ ਤੰਗੀ ਅਤੇ ਜ਼ਮੀਨੀ ਥੁੜ੍ਹ ਕਾਰਨ ਸਾਡੇ ਸਮਾਜ ਵਿੱਚ ਪਿਸਦੀ ਔਰਤ ਦੀ ਦਸ਼ਾ ਨੂੰ ਤਸਵੀਰਮਈ ਕਰਦਾ ਪ੍ਰਤੀਕ ਹੁੰਦਾ ਹੈ। ਨਾਟਕ ਵਿੱਚ ਰਾਮ ਤੇ ਲੱਛਾ ਦੋਵੇਂ ਭਰਾ ਨਿਮਨ ਕਿਸਾਨੀ ਪਰਿਵਾਰ ਨਾਲ ਸੰਬੰਧਿਤ ਹਨ। ਲੱਛਾ ਰਾਮ ਦਾ ਵਿਆਹ ਇਸ ਸ਼ਰਤ 'ਤੇ ਕਰਦਾ ਹੈ ਕਿ ਸੀਤੋ ਦੀ ਔਲਾਦ ਹੀ ਸਾਰੀ ਜ਼ਮੀਨ ਦੀ ਵਾਰਸ ਹੋਵੇਗੀ। ਪ੍ਰੰਤੂ ਲੱਛੇ ਨੂੰ ਕੁੱਝ ਸਮਾਂ ਗੁਜ਼ਰਨ ਤੋਂ ਬਾਅਦ ਆਪਣੇ ਘਰ ਦੀ ਸਥਾਪਤੀ ਲਈ ਔਰਤ ਦੀ ਅਣਹੋਂਦ ਮਹਿਸੂਸ ਹੁੰਦੀ ਹੈ। ਜ਼ਮੀਨੀ ਥੁੜ੍ਹ ਕਾਰਨ ਭਰਾ-ਭਰਜਾਈ ਉਸ ਦਾ ਬੰਨ੍ਹ-ਸੁੱਬ ਨਹੀਂ ਹੋਣ ਦਿੰਦੇ। ਇਸ ਕਰਕੇ ਸੀਤੋ ਨੂੰ ਆਪਣੀ ਨੈਤਿਕਤਾ ਦਾ ਤਿਆਗ ਕਰਕੇ ਨਾ ਚਾਹੁੰਦੇ ਹੋਏ ਵੀ ਆਪਣੀ ਅਜਮਤ ਕਿਸੇ ਦੂਸਰੇ ਮਰਦ ਨਾਲ ਸਾਂਝੀ ਕਰਨੀ ਪੈਂਦੀ ਤਾਂ ਕਿ ਉਸ ਦੇ ਪੁੱਤਾਂ ਦੀ ਜ਼ਮੀਨ ਤੇ ਘਰ ਉਸਦਾ ਛੜਾ ਜੇਠ ਲੱਛਾ ਵੰਡਵਾ ਕੇ ਹੋਰ ਤੀਵੀਂ ਨਾ ਲੈ ਆਵੇ।*

***ਕੀਵਰਡ (Keyword):*** **ਅਜਮੇਰ ਸਿੰਘ ਔਲਖ, ਨਾਟਕ, 'ਇਕ ਰਮਾਇਣ ਹੋਰ', ਉਪਵੰਡ, ਰੜਕਦੀ, ਤਸਵੀਰਮਈ, ਅਜਮਤ।**

ਅਜਮੇਰ ਸਿੰਘ ਔਲਖ ਤੀਜੀ ਪੀੜ੍ਹੀ ਦਾ ਸਮਰੱਥ ਨਾਟਕਕਾਰ ਹੈ। ਉਸ ਨੇ ਪੰਜਾਬੀ ਨਾਟਕ ਨੂੰ ਬੁਲੰਦੀਆਂ ਤੇ ਪਹੁੰਚਾਇਆ ਹੈ। ਔਲਖ ਦੇ ਨਾਟਕ ਯਥਾਰਥਵਾਦੀ ਹੁੰਦੇ ਹੋਏ ਵੀ ਸਮਾਜਵਾਦੀ ਯਥਾਰਥਵਾਦ ਦੇ ਅੰਤਰਗਤ ਵਿਚਾਰੇ ਜਾ ਸਕਦੇ ਹਨ। ਉਸਦੇ ਨਾਟਕਾਂ ਦੇ ਪਾਤਰ, ਉਸਦੇ ਪੇਂਡੂ ਲਹਿਜੇ ਦੀ ਭਾਸ਼ਾ ਤੇ ਉਸਦੇ ਜੀਵਨ ਵਿਹਾਰ ਦੇ ਚੌਗਿਰਦੇ ਦੀ ਮਹਿਕ ਮਹਿਸੂਸ ਕਰਵਾਉਂਦੀ ਹੈ। ਉਸਦੇ ਨਾਟਕਾਂ ਵਿਚਲਾ ਪੇਂਡੂ ਜੀਵਨ ਆਲੇ-ਦੁਆਲੇ ਦੇ ਸਾਧਾਰਨ ਜੀਵਨ ਜਿਹਾ ਪ੍ਰਤੀਕ ਹੁੰਦਾ ਹੈ। ਉਸਦੇ ਨਾਟਕਾਂ ਦੀ ਦ੍ਰਿਸ਼ਟੀ ਨਿਮਨ ਕਿਸਾਨੀ ਜੀਵਨ 'ਤੇ ਸਦਾ ਭਾਰੂ ਰਹੀ ਹੈ। ਭਾਵੇਂ ਉਸਨੇ ਨੇ ਆਪਣੇ ਨਾਟਕਾਂ ਵਿੱਚ ਬਹੁਭਾਂਤੀ ਵਿਸ਼ਿਆਂ ਨੂੰ ਛੋਹਿਆ ਹੈ, ਪ੍ਰੰਤੂ ਸਮੇਂ ਦੇ ਯਥਾਰਥ ਤੇ ਮਨੁੱਖੀ ਜੀਵਨ ਦੇ ਗੁੰਝਲਦਾਰ ਮਸਲਿਆਂ ਨੂੰ ਪਰਪੱਕਤਾ ਤੇ ਸਹਿਜਤਾ ਨਾਲ ਸਿਰਜਣ ਦਾ ਗੁਣ ਉਸ ਦੇ ਪਾਠਕਾਂ ਨੂੰ ਸੰਜੀਦਾ ਹੋਣ ਲਈ ਮਜਬੂਰ ਕਰਦਾ ਹੈ।

ਅਜਮੇਰ ਸਿੰਘ ਔਲਖ ਨੇ ਆਪਣੀਆਂ ਨਾਟ-ਰਚਨਾਵਾਂ ਨਾਲ ਪੰਜਾਬੀ ਨਾਟ ਜਗਤ ਵਿੱਚ 1978 ਵਿੱਚ ਆਪਣੀ ਪਲੇਠੀ ਨਾਟ ਪੁਸਤਕ 'ਅਰਬਦ ਨਰਬਦ ਧੁੰਧੂਕਾਰਾ' ਨਾਲ ਪ੍ਰਵੇਸ਼ ਕੀਤਾ। ਉਸ ਤੋਂ ਬਾਅਦ 'ਬਗਾਨੇ ਬੋਹੜ ਦੀ ਛਾਂ' (1981), 'ਅੰਨ੍ਹੇ ਨਿਸ਼ਾਨਚੀ' (1984), 'ਭੱਜੀਆਂ ਬਾਹੀ' (1987), 'ਸੱਤ ਬਗਾਨੇ' (1987), 'ਗਾਨੀ' (1983), 'ਕਿਹਰ ਸਿੰਘ ਦੀ ਮੌਤ' (1984), 'ਝਨਾਂ ਦੇ ਪਾਣੀ' (2000), 'ਇਸ਼ਕ ਬਾਝ ਨਮਾਜ਼ ਦਾ ਹੱਜ ਨਹੀਂ' (2003) ਆਦਿ ਨਾਟ ਸੰਗ੍ਰਹਿ ਪੰਜਾਬੀ ਜਗਤ ਦੀ ਝੋਲੀ ਪਾਏ। ਅਜਮੇਰ ਸਿੰਘ ਔਲਖ ਨਿਮਨ ਕਿਸਾਨੀ ਦੇ ਦੁਖਾਂਤ ਨੂੰ ਪੇਸ਼ ਕਰਨ ਵਜੋਂ ਇਕ ਸੁਲਝੇ ਹੋਏ ਨਾਟਕਕਾਰ ਵਜੋਂ ਉਭਾਰਿਆ ਹੈ। ਅਜਮੇਰ ਸਿੰਘ ਔਲਖ ਨੂੰ ਮਾਲਵੇ ਦੀ ਨਿਮਨ ਕਿਸਾਨੀ ਦੀ ਜੀਵਨ ਲੀਲਾ ਦਾ ਚਿਤੇਰਾ ਮੰਨਿਆ ਜਾਂਦਾ ਹੈ।

> "ਔਲਖ ਮਾਲਵੇ ਦੀ ਕਿਸਾਨੀ ਦਾ ਜੰਮ-ਪਲ ਹੈ। ਉਹ ਮਾਲਵੇ ਦੀ ਮਿੱਟੀ ਦੇ ਰੰਗਾਂ ਤੇ ਖੁਸ਼ਬੋਆਂ, ਸਭਿਆਚਾਰਕ ਰੀਤਾਂ ਤੇ ਰਵਾਇਤਾਂ ਦੀ ਪੁਰਾਣ-ਪਰੰਪਰਾ ਤੇ ਸੱਚ ਵਰਗੀ ਕੌੜੀ ਤੇ ਖਰੀ ਬੋਲੀ ਲੈ ਕੇ ਨਾਲ ਜੰਮਿਆਂ ਹੈ। ਥੁੜ੍ਹੀ ਟੁੱਟੀ ਕਿਸਾਨੀ ਦੇ ਭਾਵੁਕ, ਆਰਥਿਕ, ਮਸਲਿਆਂ, ਨਿੱਤ ਦੀਆਂ ਤੋਟਾਂ, ਅਧੂਰੀਆਂ ਰੀਝਾਂ, ਅਪੂਰਨ, ਚਾਵਾਂ, ਮੁਸ਼ਕੱਤੀ ਹੌਸ਼ਲਿਆਂ-

ਹਾਸਿਲਾ ਅਤੇ ਅਪ੍ਰਗਟ ਸੋਚਾਂ ਸੁਪਨਿਆਂ ਦਾ ਉਸਨੂੰ ਏਨਾ ਨਿੱਜੀ, ਨੇੜੇ ਦਾ ਤੇ ਪ੍ਰਮਾਣਿਕ ਅਨੁਭਵ ਹਾਸਿਲ ਹੈ, ਜਿੰਨਾਂ ਕਿਸੇ ਹੋਰ ਪੰਜਾਬੀ ਨਾਟਕਕਾਰ ਨੂੰ ਸ਼ਾਇਦ ਹੀ ਹੋਵੇ। ਇਹ ਉਸਦੇ ਨਾਟਕਾਂ ਦੀ ਥੀਮਕ ਸਮੱਗਰੀ ਹੈ।"[1]

'ਬਗਾਨੇ ਬੋਹੜ ਦੀ ਛਾ' ਨਾਟਕ ਸੰਗ੍ਰਹਿ ਵਿੱਚ ਸ਼ਾਮਿਲ ਲਘੂ ਨਾਟਕਾਂ ਦੇ ਅਧੀਨ 1981 ਵਿੱਚ ਪਹਿਲੀ ਵਾਰ ਪ੍ਰਕਾਸ਼ਿਤ ਹੋਇਆ '**ਇਕ ਰਮਾਇਣ ਹੋਰ**' ਅਜਿਹਾ ਲਘੂ ਨਾਟਕ ਹੈ, ਜੋ ਪੇਂਡੂ ਸਮਾਜ ਵਿੱਚ ਜ਼ਮੀਨ ਦੀ ਘਾਟ ਅਤੇ ਥੋੜ੍ਹੀ ਜ਼ਮੀਨ ਦੀ ਉਪਵੰਡ ਤੋਂ ਬਚਾ ਲਈ ਇਕ ਪੁੱਤਰ ਦੇ ਵਿਆਹ ਦੀ ਪ੍ਰਥਾ ਨੂੰ ਪੇਸ਼ ਕਰਦਾ ਹੈ। ਇਸ ਕਰਕੇ ਪਰਿਵਾਰ ਦੇ ਬਾਕੀ ਕੁਆਰੇ ਮਰਦ ਮਨਾਂ ਵਿੱਚ ਇਸਤਰੀ ਦੇ ਸਾਥ ਦੀ ਘਾਟ ਦੀ ਤਾਂਘ ਹਮੇਸ਼ਾ ਰੜਕਦੀ ਰਹਿੰਦੀ ਹੈ। 'ਇਕ ਰਮਾਇਣ ਹੋਰ' ਲਘੂ ਨਾਟਕ ਨਿਮਨ ਕਿਸਾਨੀ, ਆਰਥਿਕ ਤੰਗੀ ਅਤੇ ਜ਼ਮੀਨੀ ਥੁੜ੍ਹ ਕਾਰਨ ਸਾਡੇ ਸਮਾਜ ਵਿੱਚ ਪਿਸਦੀ ਔਰਤ ਦੀ ਦਸ਼ਾ ਨੂੰ ਤਸਵੀਰਮਈ ਕਰਦਾ ਪ੍ਰਤੀਕ ਹੁੰਦਾ ਹੈ। ਨਾਟਕ ਵਿੱਚ ਰਾਮ ਤੇ ਲੱਛਾ ਦੋਵੇਂ ਭਰਾ ਨਿਮਨ ਕਿਸਾਨੀ ਪਰਿਵਾਰ ਨਾਲ ਸੰਬੰਧਿਤ ਹਨ। ਲੱਛਾ ਰਾਮ ਦਾ ਵਿਆਹ ਇਸ ਸ਼ਰਤ 'ਤੇ ਕਰਦਾ ਹੈ ਕਿ ਸੀਤੋ ਦੀ ਔਲਾਦ ਹੀ ਸਾਰੀ ਜ਼ਮੀਨ ਦੀ ਵਾਰਸ ਹੋਵੇਗੀ। ਪ੍ਰੰਤੂ ਲੱਛੇ ਨੂੰ ਕੁੱਝ ਸਮਾਂ ਗੁਜ਼ਰਨ ਤੋਂ ਬਾਅਦ ਆਪਣੇ ਘਰ ਦੀ ਸਥਾਪਤੀ ਲਈ ਔਰਤ ਦੀ ਅਣਹੋਂਦ ਮਹਿਸੂਸ ਹੁੰਦੀ ਹੈ। ਜ਼ਮੀਨੀ ਥੁੜ੍ਹ ਕਾਰਨ ਭਰਾ-ਭਰਜਾਈ ਉਸ ਦਾ ਬੰਨ੍ਹ-ਸੁੰਬ ਨਹੀਂ ਹੋਣ ਦਿੰਦੇ। ਇਸ ਕਰਕੇ ਸੀਤੋ ਨੂੰ ਆਪਣੀ ਨੈਤਿਕਤਾ ਦਾ ਤਿਆਗ ਕਰਕੇ ਨਾ ਚਾਹੁੰਦੇ ਹੋਏ ਵੀ ਆਪਣੀ ਅਜਮਤ ਕਿਸੇ ਦੂਸਰੇ ਮਰਦ ਨਾਲ ਸਾਂਝੀ ਕਰਨੀ ਪੈਂਦੀ ਹੈ ਤਾਂ ਕਿ ਉਸ ਦੇ ਪੁੱਤਾਂ ਦੀ ਜ਼ਮੀਨ ਤੇ ਘਰ ਉਸਦਾ ਛੜਾ ਜੇਠ ਲੱਛਾ ਵੰਡਵਾ ਕੇ ਹੋਰ ਤੀਵੀਂ ਨਾ ਲੈ ਆਵੇ।

*"ਇਹ ਨਾਟਕ ਪੇਂਡੂ ਸਾਂਸਕ੍ਰਿਤਕ ਵਰਤਾਰੇ ਦਾ ਮੁੱਖ ਅੰਗ ਕਿਸਾਨੀ ਪਰਿਵਾਰ ਦੀਆਂ ਦੋ ਮੂਲ ਸਮੱਸਿਆਵਾਂ ਨਾਲ ਸੰਬੰਧਿਤ ਹੈ। ਇੱਕ ਸਮੱਸਿਆ ਘਰ ਵਿੱਚ ਇਸਤਰੀ ਦੀ ਅਣਹੋਂਦ ਅਤੇ ਦੂਸਰੇ ਕਿਸਾਨੀ ਜੀਵਨ ਦੀ ਦਿਨੋ-ਦਿਨ ਕਮਜ਼ੋਰ ਹੁੰਦੀ ਜਾ ਰਹੀ ਆਰਥਿਕਤਾ ਨਾਲ ਸੰਬੰਧਿਤ ਮੂਲ ਰੂਪ ਵਿੱਚ ਨਿਘਰਦੀ ਹੋਈ ਆਰਥਿਕਤਾ ਹੀ ਤੀਵੀਂ ਦੀ ਅਣਹੋਂਦ ਦਾ ਕਾਰਨ ਬਣਦੀ ਹੈ ਜਿਵੇਂ ਕਿ 'ਇਕ ਰਮਾਇਣ ਹੋਰ' ਨਾਟ ਕਿਰਤ ਵਿੱਚ ਹੈ।"[2]*

ਸੰਚਾਰ-ਜੁਗਤ ਇਕ ਬਹੁ-ਪਾਸਾਰੀ ਤੇ ਬਹੁ-ਦਿਸ਼ਾਵੀ ਸੰਕਲਪ ਹੈ। ਅਜਮੇਰ ਸਿੰਘ ਔਲਖ ਦੀ ਸੰਚਾਰ-ਜੁਗਤ ਦੀ ਮੁਹਾਰਤ ਕਸਬੀ ਹੈ। ਇਸ ਕਰਕੇ ਉਸਦੇ ਨਾਟਕ ਕਾਲਜਾਂ ਤੇ ਯੂਨੀਵਰਸਿਟੀ ਦੇ ਖੇਤਰੀ ਮੇਲਿਆਂ ਵਿੱਚ ਮੋਹਰੀ ਹਨ। ਅਜਮੇਰ ਸਿੰਘ ਔਲਖ ਨੇ ਸਾਦੇ ਰੰਗਮੰਚ ਦੀ ਸਹਾਇਤਾ ਨਾਲ ਕੇਵਲ ਵਾਰਤਾਲਾਪ ਦੇ ਪ੍ਰਭਾਵ ਰਾਹੀਂ ਹੀ ਨਾਟਕੀ ਪੇਸ਼ਕਾਰੀਆਂ ਵਿੱਚ ਅਹਿਮ ਪ੍ਰਾਪਤੀ ਕੀਤੀ ਹੈ। ਉਸ ਨੇ ਆਪਣੇ ਨਾਟਕ ਲਿਖਣ ਦੇ ਨਾਲ-ਨਾਲ ਨਾਟਕਾਂ ਨੂੰ ਛਪਣ ਤੋਂ ਪਹਿਲਾ ਮੰਚਿਤ ਕਰਨ ਵਿੱਚ ਆਪਣਾ ਨਿਵੇਕਲਾ ਤੇ ਭਰਵਾਂ ਯੋਗਦਾਨ ਪਾਇਆ ਹੈ। ਔਲਖ ਦੇ ਨਾਟ ਯਤਨਾਂ ਸਦਕਾ ਪੰਜਾਬੀ ਨਾਟਕ ਯਥਾਰਥਵਾਦੀ ਨਾਟ-ਸ਼ੈਲੀ ਨਾਲ ਜੁੜਦਾ ਹੈ।

*"ਕਿਸੇ ਵੀ ਨਾਟਕਕਾਰ ਵਾਸਤੇ ਸੰਚਾਰ-ਜੁਗਤਾਂ ਦਾ ਵਿਸ਼ੇਸ ਮਹੱਤਵ ਹੁੰਦਾ ਹੈ ਕਿਉਂਕਿ ਸੰਚਾਰ-ਜੁਗਤਾਂ ਦਾ ਪ੍ਰਯੋਗ ਹੀ ਨਾਟ-ਸਰੋਕਾਰ ਨੂੰ ਪ੍ਰਸਤੁਤ ਕਰਨ ਵਾਲੇ ਨਾਟ-ਰੂਪ ਦੇ ਮੰਚੀ ਸੰਚਾਰ ਦਾ ਆਧਾਰ ਬਣਦਾ ਹੈ।"[3]*

**ਸਟਿੱਲ ਪਾਤਰ ਜੁਗਤ:-**

*"ਸਟਿੱਲ ਪਾਤਰ ਜੁਗਤ ਨਾਟਕ ਦੇ ਪ੍ਰਦਰਸ਼ਨੀ ਪੱਖ ਦਾ ਅਜਿਹਾ ਮਾਧਿਅਮ ਹੈ ਜਿਸ ਰਾਹੀਂ ਪਾਤਰ ਬਿਨਾਂ ਹਿਲਜੁਲ ਕੀਤਿਆਂ ਬਗੈਰ ਬੋਲਿਆਂ ਬਹੁਤ ਕੁੱਝ ਕਹਿ ਦਿੰਦੇ ਹਨ ਅਤੇ ਦਰਸ਼ਕ ਅਜਿਹੇ ਅਰਥ ਗ੍ਰਹਿਣ ਕਰ ਲੈਂਦੇ ਹਨ। ਸਟਿੱਲ ਪਾਤਰ ਜੁਗਤ ਦੇ ਅੰਤਰਗਤ ਮੰਚ ਉੱਤੇ ਕੋਈ ਕਾਰਜ ਨਹੀਂ ਵਾਪਰਦਾ।"[4]*

ਅਜਮੇਰ ਸਿੰਘ ਔਲਖ ਨੇ ਪਾਤਰਾਂ ਨੂੰ ਸਟਿੱਲ ਕਰਨ ਦੀ ਸੰਚਾਰ-ਜੁਗਤ ਦੀ ਵਰਤੋਂ ਕਸਬੀ ਮੁਹਾਰਤ ਨਾਲ ਕੀਤੀ ਹੈ। ਨਾਟਕ ਵਿੱਚ ਜਦ ਸੀਤੋ ਆਪਣੇ ਛੜੇ ਜੇਠ ਲਛਮਣ ਨੂੰ ਜਦੋਂ ਰੋਟੀ ਫੜਾਉਦੀ ਹੈ ਤਾਂ ਕੰਬਦੇ ਹੋਏ ਹੱਥਾਂ ਨਾਲ ਲਛਮਣ ਥਾਲ਼ੀ ਵੱਲ ਹੱਥ ਵਧਾਉਂਦਾ ਹੈ ਤੇ ਇਸ ਸਥਿਤੀ ਵਿੱਚ ਉਹ ਅਹਿੱਲ (ਸਟਿੱਲ) ਹੋ ਜਾਂਦੇ ਹਨ।

**ਸੁਪਨਮਈ ਜੁਗਤ :-**

ਨਾਟਕਕਾਰ ਸੁੱਤੇ ਪਏ ਪਾਤਰਾਂ ਦੇ ਮੂੰਹੋਂ ਸ਼ਬਦਾਂ ਰਾਹੀ ਨਾਟਕ ਦੀ ਕਹਾਣੀ ਵਿੱਚ ਉਤਸੁਕਤਾ ਵਧਾਉਣ ਲਈ ਇਸ ਜੁਗਤ ਦਾ ਪ੍ਰਯੋਗ ਕਰਦਾ ਹੈ।

*"ਲੱਛਾ: ਮੈਂ ਇਸੇ ਬੈਠਕ ਵਿੱਚ ਪਿਆ ਸੀ ਸੁੱਤਾ। ਜਾਣੀਂ ਮੈ ਆਪਣੇ ਪਿੰਡ ਆਲੀ ਢਾਬ 'ਚ ਨਾਈਂ ਜਾਨੈਂ ਅਲਫ ਨੰਗਾ। ਮੇਰੇ ਪੈਰਾਂ ਨਾਲ ਕੂਲ਼ੀ ਕੂਲ਼ੀ ਜੀ ਸ਼ੈਅ ਰੜਕੀ! ਮੈਂ ਲਾ ਕੇ ਬਾਹਾਂ ਦਾ ਜ਼ੋਰ ਜਦ ਬਾਹਰ ਕੱਢੀ ਤਾਂ ਸਾਲਮ ਦੀ ਸਾਲਮ ਤੀਵੀਂ ਮੇਰੀਆਂ ਬਾਹਾਂ 'ਚ!"[5]*

**ਵਿਅੰਗ ਜੁਗਤ:-**

ਵਿਅੰਗਮਈ ਜੁਗਤ ਦੀ ਵਰਤੋਂ ਕਰਕੇ ਨਾਟਕਕਾਰ ਵਿਅੰਗ ਦੀ ਤਨਜ਼ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਂਦਾ ਹੈ। ਅਜਮੇਰ ਸਿੰਘ ਔਲਖ ਨੇ ਆਪਣੇ ਨਾਟਕ 'ਇਕ ਰਮਾਇਣ ਹੋਰ' ਨਾਟਕ ਵਿੱਚ ਵਿਅੰਗ ਨੂੰ ਹਥਿਆਰ ਵਾਂਗ ਵਰਤਿਆ ਹੈ। ਵਿਅੰਗ ਉਹ ਜੁਗਤ ਹੈ ਜਿਸ ਰਾਹੀਂ ਔਲਖ ਆਪਣੇ ਨਾਟਕ ਨੂੰ ਹੋਰ ਰੌਚਕ ਤੇ ਪ੍ਰਭਾਵਸ਼ਾਲੀ ਬਣਾਉਂਦਾ ਹੈ।

*"ਲੱਛਾ: ਜਨਕਪੁਰੀਏ ਗਿਆਨੀ ਜਨਕ ਸਿਉਂ ਦੀ ਧੀ ਐ ਇਹ ਪਟਿਆਲੇ ਆਲੀ ਰਾਣੀ ! ਜਨਕ ਸਿਉਂ ਨੇ ਤਾਂ ਫੇਰ ਪੁੰਨ ਦੀ ਵਿਆਹੀ ਹੋਵੇਂਗੀ ? ਰੁਪਈਆਂ ਲਈ ਝੋਲੀ ਕਿਉਂ ਅੱਡੀ ਖੜ੍ਹਾ ਸੀ ਉਦੋਂ ਜਨਕ ਸਿਉਂ?"*[6]

**ਮਨੋਬਚਨੀ ਜੁਗਤ:-**

ਮਨੋਬਚਨੀ ਇਕ ਅਜਿਹੀ ਸੰਚਾਰ-ਜੁਗਤ ਹੈ ਜਿਸ ਰਾਹੀਂ ਦਰਸ਼ਕ ਪਾਤਰ ਦੇ ਅੰਤਰਮਨ ਨੂੰ ਸਮਝਣ ਦੀ ਸਮਰੱਥਾ ਹਾਸਲ ਕਰਦਾ ਹੈ। ਪਾਤਰ ਦੇ ਮਨੋਭਾਵਾਂ ਨੂੰ ਉੱਚੀ ਆਵਾਜ਼ ਵਿੱਚ ਪਾਤਰ ਦੇ ਮੂੰਹੋ ਬੁਲਵਾਉਣ ਦੀ ਵਿਧੀ ਮਨੋਬਚਨੀ ਜੁਗਤ ਅਖਵਾਉਂਦੇ ਹੈ। ਮਾਨਸਿਕ ਦੁਬਿਧਾ ਅਤੇ ਅਤ੍ਰਿਪਤ ਜਜ਼ਬਾਤ ਨੂੰ ਪ੍ਰਗਟ ਕਰਨ ਵੇਲੇ ਨਾਟਕ ਦਾ ਪਾਤਰ ਆਪਣੇ ਆਪ ਨਾਲ ਗੱਲਾਂ ਕਰਦਾ ਹੈ।

*"ਹਿੱਕ ਤੇ ਦੀਵਾ ਬਾਲੂ ਇਹ ਮੰਦਰਾਂ ਆਲਾ ਦਸੌਂਧਾ! ਕਿਥੇ ਕੰਜ਼ਰ ਜੱਟ ਨੇ ਬਸ਼ਰਮੀ 'ਤੇ ਲੱਕ ਬੰਨ੍ਹਿਐ! ਸੰਗ ਨਾ ਸ਼ਰਮ। ਅਖੇ, 'ਜੀਹਦੇ ਲਹਿ-ਗੀ ਲੋਈ, ਉਹਦਾ ਕੀ ਕਰੂਗਾ ਕੋਈ!"*[7]

**ਭਾਸ਼ਾਈ ਜੁਗਤਾਂ:-**

ਨਾਟਕਕਾਰ ਅਜਮੇਰ ਸਿੰਘ ਔਲਖ ਨਾ ਭਾਸ਼ਾਈ ਸੰਚਾਰ ਲਈ ਭਾਸ਼ਾਈ ਨਾਟ-ਜੁਗਤਾਂ ਦੀ ਪ੍ਰਯੋਗ ਕੀਤਾ ਹੈ। ਉਸ ਨੇ ਸ਼ਾਬਦਿਕ ਸੰਚਾਰ ਸਿਰਜਣ ਲਈ ਭਾਸ਼ਾਈ ਜੁਗਤਾਂ ਦਾ ਪ੍ਰਯੋਗ ਨਿਵੇਕਲੇ ਢੰਗ ਨਾਲ ਕੀਤਾ ਹੈ।

**ਅਧੂਰੇ-ਸੰਵਾਦ:-**

ਨਾਟਕਕਾਰ ਨੇ ਭਾਸ਼ਾ ਦੀ ਵਾਕ ਬਣਤਰ ਤੋਂ ਅਧੂਰੇ ਵਾਕ ਵੀ ਨਾਟਕੀ ਸੰਚਾਰ ਵਜੋਂ ਵਰਤੇ ਹਨ। ਭਾਵੇਂ ਨਾਟਕਾਂ ਦੇ ਸੰਵਾਦ ਨਾਟਕੀ ਸੰਚਾਰ ਪੱਖੋਂ ਅਧੂਰੇ ਹਨ, ਪਰ ਨਾਟਕੀ ਸੰਚਾਰ ਦੇ ਪੱਖ ਤੋਂ ਇਹਨਾਂ ਦੇ ਅਰਥ ਸੰਪੂਰਨ ਹਨ।

*"ਰੈਣੀ: ਨਈਂ । ਮੇਰੇ ਆਲ਼ੀ ਦੀ ਗੱਲ ਹੋਰ ਸੀ। ਉਹ ਤੀਵੀਂ ਨਹੀਂ ਸੀ ਮਾੜੀ ਉਹ ਨਧਾਣੇ ਕੇ ਲਾਣੇ..."*[8]

*"ਰਾਮ: ਮੇਰੇ ਜੁਆਕ ਵੀ ਤਾਂ ਬਾਈ ਤੇਰੇ ਈ ਐ..."*[9]

*"ਲੱਛਾ: ਸੱਪ ਲੜਿਆ ਹੰਕਾਰ ਦਾ! ਹੋਰ ਇਸਨੂੰ..."*[10]

**ਲਿਖਤ ਵਿੱਚ ਬਿੰਦੀਆਂ ਦੀ ਵਰਤੋਂ ਰਾਹੀਂ ਸੰਵਾਦ:-**

ਨਾਟਕਕਾਰ ਸੰਚਾਰ-ਜੁਗਤ ਅਧੂਰੇ ਤੇ ਅਪੂਰਵ ਵਾਕਾਂ ਨੂੰ ਵੀ ਰਚਨਾਤਮਕ ਜੁਗਤ ਦੇ ਤੌਰ 'ਤੇ ਨਾਟਕ ਵਿੱਚ ਬਿੰਦੀਆਂ ਦੀ ਵਰਤੋਂ ਕਰਦਾ ਹੈ। ਅਜਮੇਰ ਸਿੰਘ ਔਲਖ 'ਇਕ ਰਮਾਇਣ ਹੋਰ' ਨਾਟਕ ਵਿੱਚ ਇਸ ਜੁਗਤ ਦੀ ਵਿਉਂਤ ਸਿਰਜਦਾ ਹੈ।

*"ਰਾਮ: ਜਿਵੇਂ ਤੇਰੀ ਰੂਹ ਮੰਨੇ।... ਲੈ ਲਛਮਣ ਆਉਂਦੈ । ਤੂੰ ਅੰਦਰ ਜਾਕੇ ਰੋਟੀਆਂ ਥਪ..."*[11]

*"ਦਾਨੀ : ਕੁੜੇ ਪੁੱਤ ਆਹ ਤਾਂ ਤੈਂ 'ਨੋਖੀ ਗੱਲ ਈਂ ਦੱਸੀ!...ਉਂ ਸੱਚੀ ਐ ਸੀਤੋ ਕਿ ਐਵੇਂ ਉਡਦੀ-ਅਵਾਈ ਸੁਣੀ ਐਂ ਤੈਂ?"*[12]

*"ਲਛਮਣ: ਸੀ...ਤੋ...ਤੂੰ ? ਮੇ...ਰੇ ਲਈ 'ਰੋ...ਟੀ'।"*[13]

**ਠੇਠ ਭਾਸ਼ਾ ਦਾ ਸੰਵਾਦ :-**

ਅਜਮੇਰ ਸਿੰਘ ਔਲਖ ਨੇ ਆਪਣੇ ਨਾਟਕਾਂ ਵਿੱਚ ਠੇਠ ਮਲਵਈ ਭਾਸ਼ਾ ਨੂੰ ਪਾਏਦਾਰ ਜੁਗਤ ਰਾਹੀਂ ਵਰਤੋਂ ਵਿੱਚ ਲਿਆਂਦਾ ਹੈ। ਔਲਖ ਮਾਲਵੇ ਦਾ ਸਿਰਮੌਰ ਨਾਟਕਕਾਰ ਹੈ ਜਿਸ ਨੇ ਆਪਣੇ ਨਾਟਕਾਂ ਵਿੱਚ ਠੇਠ ਮਲਵਈ ਮੁਹਾਵਰਿਆਂ, ਅਖਾਣਾਂ, ਅਸ਼ਲੀਲ ਭਾਸ਼ਾ ਤੇ ਗਾਲ੍ਹਾਂ ਦੀ ਭਰਪੂਰ ਵਰਤੋਂ ਕੀਤੀ ਹੈ। 'ਇਕ ਰਮਾਇਣ ਹੋਰ' ਨਾਟਕ ਵਿੱਚ ਔਲਖ ਨੇ ਠੇਠ ਮਲਵਈ ਭਾਸ਼ਾ ਦਾ ਪ੍ਰਯੋਗ ਕਰਕੇ ਸੀਤੋ ਤੇ ਲੱਛੇ ਦਾ ਸੰਵਾਦ ਇਸ ਤਰ੍ਹਾਂ ਸਿਰਜਿਆ ਹੈ :-

*"ਸੀਤੋ: ਸੱਪ ਲੜੇ ਤੇਰੇ ਕਲਯੁਗੀ ਦੇ ! ਜਿਹੜਾ ਵਿਹਲੜ ਢੱਠੇ ਆਂਗੂ ਭੂਸਰਿਆਂ ਫਿਰਦੈਂ ?*

*ਲੱਛਾ: ਮੈਂ ਤਾਂ ਜਮਾਂ ਵਿਹਲੜ ਢੱਠੇ ਐਂ। ਭੂਸਰਿਆ ਫਿਰਦੈਂ ! ਤੈਂ ਦਸ ਕੀ ਲੈਣੈਂ।*

*ਸੀਤੋ: ਮੈਂ ਤੈਥੋਂ ਕੀ ਲੈਣੈਂ ਜੱਗ-ਜਹਾਨ ਦੇ ਕੋਹੜੀ ਤੋਂ ! ਮੈਂ ਤੇਰੇ ਅਰਗੇ ਛੱਤੀ ਸੌ ਨੂੰ ਨੱਥ ਪਾ ਕੇ ਵੇਚ ਆਵਾਂ ਜੈਤੋ ਦੀ ਮੰਡੀ 'ਤੇ।"*[14]

**ਗੀਤਾਂ ਦੀ ਜੁਗਤ :-**

ਪੰਜਵੇਂ ਦਹਾਕੇ ਵਿੱਚ ਇਪਟਾ ਲਹਿਰ ਅਧੀਨ ਲਿਖੇ ਗਏ ਨਾਟਕਾਂ ਵਿੱਚ ਗੀਤ ਇਕ ਅਹਿਮ ਨਾਟ-ਜੁਗਤ ਵਜੋਂ ਮਹੱਤਵ ਗ੍ਰਹਿਣ ਕਰਦਾ ਹੈ। ਅਜਮੇਰ ਸਿੰਘ ਔਲਖ ਨੇ ਆਪਣੇ ਨਾਟਕਾਂ ਵਿੱਚ ਲੋਕ-ਗੀਤ ਵਿਧੀ ਤਹਿਤ ਕਾਵਿ ਟੁਕੜੀਆਂ ਦੀ ਵਰਤੋਂ ਕੀਤੀ ਗਈ ਹੈ ਜੋ ਨਾਟਕ ਦੇ ਆਰੰਭ ਤੇ ਅੱਧ ਵਿਚਕਾਰ

ਆਉਂਦੀਆਂ ਹਨ, ਤਾਂ ਜੋ ਨਾਟਕੀ ਕਾਰਜ ਵਿੱਚ ਵਧੇਰੇ ਪ੍ਰਭਾਵ ਪੈਦਾ ਕਰਦਾ ਪ੍ਰਤੀਕ ਹੋਵੇ। ਜਿਵੇਂ :-

*"ਰਾਮ ਪ੍ਰਸ਼ੋਤਮ ਸੀਤਾ ਪਤੀ ਬਰਤਾ*
*ਲਛਮਣ ਜਤ ਦਾ ਪੂਰਾ।*
*ਪੂਰਿਆਂ ਦੀ ਕਥਾ ਪੂਰੇ ਕਵੀ ਕਰ ਗਏ*
*ਕੁਝ ਨਾ ਰਿਹਾ ਅਧੂਰਾ।*
*ਪਰ ਇਕ ਰਾਮ, ਲੱਛਾ ਤੇ ਸੀਤੋ*
*ਅੱਜ ਸਾਡੇ ਨੇ ਮੂਹਰੇ।*
*ਇਹਨਾਂ ਦੀ ਕਥਾ ਕੌਣ ਕਰੇਗਾ*
*ਜੋ ਨਾ ਅੱਧੇ ਨਾ ਪੂਰੇ।"*[15]

ਨਾਟਕ ਦੇ ਅੱਧ ਵਿਚਕਾਰ ਨੀਰਸ ਵਾਰਤਾਲਾਪ ਤੋਂ ਬਚਣ ਲਈ ਔਲਖ ਨੇ ਕਲਾਸਕੀ ਰਚਨਾਵਾਂ ਵਿਚਲੀਆਂ ਕਾਵਿ-ਟੁਕੜੀਆਂ ਦੀ ਵਰਤੋਂ ਨੂੰ ਔਲਖ ਨੇ ਬੜੀ ਕੁਸ਼ਲਤਾ ਨਾਲ ਵਰਤਿਆ ਹੈ।

*"ਲਛਮਣ ਜੇਡ ਜਤੀ ਨਾ ਕੋਈ*
*ਤੇ ਰਾਮ ਜੇਡ ਨਾ ਭਰਾਤਾ !*
*ਬਾਬੇ ਨਾਨਕ ਜੇਡ ਭਗਤ ਨਾ ਕੋਈ*
*ਜੀਹਨੇ। ਸੱਚਾ ਨਾਮ ਪਛਾਤਾ !*
*ਰੱਬ ਸਭਨਾਂ ਦਾ ਦਾਤਾ !*
*ਦੁਨੀਆਂ ਮਾਨ..."*[16]

ਉਪਰੋਕਤ ਵਿਚਾਰਾਂ ਨੂੰ ਸਮੇਟਦਿਆਂ, ਅਸੀਂ ਕਹਿ ਸਕਦੇ ਹਾਂ ਕਿ ਅਜਮੇਰ ਸਿੰਘ ਔਲਖ ਨੇ ਆਪਣੇ ਨਾਟਕਾਂ ਵਿੱਚ ਮਾਲਵੇ ਦੀ ਨਿਮਨ ਕਿਸਾਨੀ ਦਾ ਦੁਖਾਂਤ ਸਿਰਜਣ ਦੀ ਪਹਿਲਕਦਮੀ ਕੀਤੀ ਹੈ। ਨਾਟਕਕਾਰ ਨੇ ਮਾਲਵੇ ਦੇ ਪਿੰਡਾਂ ਦੀ ਰੁਲ ਕਿਸਾਨੀ ਤੇ ਜਵਾਨੀ ਦੀ ਤਸਵੀਰ ਕਲਾਕਾਰੀ ਢੰਗ ਨਾਲ ਉਜਾਗਰ ਕੀਤੀ ਹੈ। ਔਲਖ ਨੇ ਜਾਗੀਰਦਾਰੀ ਸਮਾਜ ਦਾ ਸ਼ਿਕਾਰ ਹੋਈ ਛੋਟੀ ਕਿਸਾਨੀ ਦੀ ਨਬਜ਼ ਪਛਾਣੀ ਹੈ। ਔਲਖ ਨੇ ਨਿਮਨ ਕਿਸਾਨੀ ਦੀਆਂ ਤੰਗੀਆਂ-ਤੁਰਸ਼ੀਆਂ, ਲੋੜਾਂ, ਇੱਛਾਵਾਂ ਤੇ ਉਮੰਗਾਂ ਨੂੰ ਅਧੂਰੇ ਰਹਿਣ ਕਾਰਨ ਝੰਜੋੜੀ ਮਾਨਸਿਕਤਾ ਨੂੰ ਡੂੰਘੀ ਤਹਿਆਂ ਤਕ ਫਰੋਲਿਆ ਹੈ। ਮਾਲਵੇ ਦੇ ਖਿੱਤੇ ਨਾਲ ਸੰਬੰਧਿਤ ਅਜਮੇਰ ਸਿੰਘ ਔਲਖ ਪਿੰਡਾਂ ਦੀ ਸ਼ਰੀਕੇਬਾਜ਼ੀ, ਰਿਸ਼ਤਿਆਂ ਦੀ ਦਰਾੜ ਤੇ ਭਰਾਵਾਂ ਦੇ ਟੁੱਟਦੇ ਪਿਆਰ ਦੀ ਦਰਾੜ ਪਿੱਛੇ ਮਾੜੀ ਆਰਥਿਕਤਾ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਜਸਵੀਰ ਸਿੰਘ ਕੇਸਰ (ਸੰਪਾਦਕ), ਕੇਸਰ ਸਿੰਘ : ਕੇਸਰ ਨਾਟ ਚਿੰਤਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006, ਪੰਨਾ: 14.
2. ਡਾ. ਜਗੀਰ ਸਿੰਘ, ਅਜਮੇਰ ਸਿੰਘ ਔਲਖ ਦੀ ਨਾਟ ਰਚਨਾ ਦੇ ਪ੍ਰਤਿਭਾ, ਪੰਜਾਬੀ ਸਾਹਿਤ ਅਤੇ ਸਭਿਆਚਾਰ ਸਦਨ, ਫਗਵਾੜਾ, 2001, ਪੰਨਾ: 37.
3. ਡਾ.ਨਵਦੀਪ ਕੌਰ, ਪੰਜਾਬੀ ਇਸਤਰੀ ਨਾਟਕਕਾਰਾਂ ਦੇ ਨਾਟਕ ਸਰੂਪ ਤੇ ਸੰਚਾਰ, ਸ਼ਿਖਾਲੇਖ ਪਬਲਿਸ਼ਰਜ਼, ਦਿੱਲੀ, 2018, ਪੰਨਾ: 63.
4. ਉਮਾ ਸੇਠੀ (ਸੰਪਾਦਕ), ਪੰਜਾਬੀ ਨਾਟਕ : ਆਲੋਚਨਾ ਸ਼ਬਦਾਵਲੀ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2015, ਪੰਨਾ: 54.
5. ਅਜਮੇਰ ਸਿੰਘ ਔਲਖ, ਬਗਾਨੇ ਬੋਹੜ ਦੀ ਛਾਂ (ਅਧੀਨ ਪ੍ਰਕਾਸ਼ਿਤ ਲਘੂ ਨਾਟਕ, ਇਕ ਰਮਾਇਣ ਹੋਰ ), ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2020, ਪੰਨਾ: 76.
6. ਉਹੀ, ਪੰਨਾ: 78.
7. ਉਹੀ, ਪੰਨਾ: 79.
8. ਉਹੀ, ਪੰਨਾ: 74.
9. ਉਹੀ, ਪੰਨਾ: 83.
10. ਉਹੀ, ਪੰਨਾ: 84.
11. ਉਹੀ, ਪੰਨਾ: 81.
12. ਉਹੀ, ਪੰਨਾ: 88.
13. ਉਹੀ, ਪੰਨਾ: 91.
14. ਉਹੀ, ਪੰਨਾ: 84.
15. ਉਹੀ, ਪੰਨਾ: 71.
16. ਉਹੀ, ਪੰਨਾ: 85